ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਬਜਟ ਲੇਖਾ ਭਾਗ)

ਚਾਰ ਮੰ੨੩੩

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ
ਜਿਲਾ ਵਿਕਾਸ ਤੇ ਪੰਚਾਇਤ ਅਫਸਰ।

ਮੀਮੋ ਨੰ: 2/2/2009-ਬਸ-9/ 1121
ਚੰਡੀਗੜ੍ਹ,ਮਿਤੀ 1/6/09

ਵਿਸ਼ਾ: ਵਿੱਤੀ ਸਾਲ 2009-10 ਲਈ ਮਾਨਯੋਗ ਮੁੱਖ ਮੰਤਰੀ/ਉਪ ਮੁੱਖ ਮੰਤਰੀ/ਕੈਬਨਿਟ ਮੰਤਰੀ ਅਤੇ ਮੁੱਖ ਸੰਸਦੀ ਸਕੱਤਰ ਸਾਹਿਬਾਨ ਵਲੋ ਵਿਵੇਕੀ ਗਰਾਂਟਾਂ ਦੀਆਂ ਰਕਮਾਂ ਦੀ ਵੰਡ ਬਾਰੇ।

ਵਿੱਤ ਵਿਭਾਗ ਵਲੋ ਮੀਮੋ ਨੰ: 1/20/09-3 ਵਿ.ਖ.3/235, ਮਿਤੀ 13/2/2009 ਅਤੇ ਅੰ:ਵਿ:ਪ:ਨੰ: 1/9/08-1ਵਿ.ਬ 1/94 ਮਿਤੀ 24.3.2009 ਰਾਹੀਂ ਵਿੱਤੀ ਸਾਲ 2009-10 ਲਈ ਮਾਨਯੋਗ ਮੁੱਖ ਮੰਤਰੀ/ਉਪ ਮੁੱਖ ਮੰਤਰੀ/ਕੈਬਨਿਟ ਮੰਤਰੀ ਅਤੇ ਮੁੱਖ ਸੰਸਦੀ ਸਕੱਤਰ ਸਾਹਿਬਾਨ ਦੀਆਂ ਵਿਵੇਕੀ ਗਰਾਂਟਾਂ ਵਾਸਤੇ ਰੁਪਏ 43.50 ਕਰੋੜ ਦੀ ਰਾਸ਼ੀ ਸਾਲ 2009-10 ਲਈ ਮੰਨਜੂਰ ਕੀਤੀ ਗਈ ਹੈ।ਮੌਜੂਦਾ ਮੰਤਰੀ ਮੰਡਲ ਵਿੱਚ ਸ਼ਾਮਲ ਮਾਨਯੋਗ ਮੁੱਖ ਮੰਤਰੀ/ਉੱਪ ਮੁੱਖ ਮੰਤਰੀ/ਹਰੇਕ ਕੈਬਨਿਟ ਮੰਤਰੀ ਅਤੇ ਮੁੱਖ ਸੰਸਦੀ ਸਕੱਤਰਾਂ ਲਈ ਮੰਨਜੂਰ ਕੀਤੀ ਗਈ ਹੈ। ਪਰੰਤੂ ਪੰਜਾਬ ਵਿਧਾਨ ਸਭਾ ਵੱਲੋ ਫਿਲਹਾਲ 31,ਜੁਲਾਈ 2009 ਤੱਕ ਵੋਟ ਆਨ ਅਕਾਉਂਟ ਪਾਸ ਕਰਨ ਦੀ ਵਜ੍ਹਾਂ ਨਾਲ ਕੇਵਲ 4 ਮਹੀਨੇ (ਮਿਤੀ 1.4.09 ਤੋ ਮਿਤੀ 31.7.09 ਤੱਕ) ਦੀ ਰਕਮ ਵਿੱਚੋ ਹੀ ਵਿਵੇਕੀ ਗ੍ਰਾਂਟਾ ਮੌਜੂਦਾ ਮੰਤਰੀ ਮੰਡਲ ਵਿੱਚ ਸ਼ਾਮਲ ਹਰੇਕ ਮੰਤਰੀ ਲਈ ਉਨਾਂ ਦੇ ਨਿਸ਼ਚਿਤ ਮਾਪਦੰਡਾਂ ਅਨੁਸਾਰ ਬਣਦੀ ਰਕਮ ਨਿਮਨ ਲਿਖਤ ਅਨੁਸਾਰ ਅਲਾਟ ਕੀਤੀ ਜਾਂਦੀ ਹੈ:-

| ਲੜੀ ਨੰ: | ਅਹੁਦਾ | ਗਿਣਤੀ | ਪ੍ਰਤੀ ਮੰਤਰੀ ਨਿਰਧਾਰਤ ਮਾਪਦੰਡ (2009-10) | ਕੁਲ ਰਕਮ ਮਿਤੀ 1.4.09 ਤੋ 31.7.09 ਤੱਕ ਮੰਨਜੂਰ ਕੀਤੀ ਰਕਮ। |
|---|---|---|---|---|
| 1 | ਮੁੱਖ ਮੰਤਰੀ | 1 | 3 ਕਰੋੜ ਰੁਪਏ | 1 ਕਰੋੜ ਰੁਪਏ |
| 2 | ਉਪ ਮੁੱਖ ਮੰਤਰੀ | 1 | 2.50 ਕਰੋੜ ਰੁਪਏ | 83,33,333/-ਰੁਪਏ |
| 3 | ਕੈਬਨਿਟ ਮੰਤਰੀ | 16 | 1.50 ਕਰੋੜ ਰੁਪਏ(ਹਰੇਕ) | 50 ਲੱਖ ਰੁਪਏ |
| 4 | ਮੁੱਖ ਸੰਸਦੀ ਸਕੱਤਰ | 14 | 1 ਕਰੋੜ ਰੁਪਏ(ਹਰੇਕ) | 33,33,000/-ਰੁਪਏ |

2. ਇਹ ਖਰਚਾ ਬਜਟ ਹੈਡ' 4515-ਕੈਪੀਟਲ ਆਊਟਲੇਅ ਆਨ ਅਦਰ ਰੂਰਲ ਡਿਵੇਲਪਮੈਂਟ ਪ੍ਰੋਗਰਾਮ-800 ਅਦਰ ਐਕਸਪੈਂਡੀਚਰ-02-ਡਿਸਕਰੀਸ਼ਨਰੀ ਗਰਾਂਟਸ ਬਾਈ ਮਨਿਸਟਰਜ਼ 50 ਅਦਰ ਚਾਰਜਿਜ ਮੰਤਰੀਆਂ ਦੀਆਂ ਵਿਵੇਕੀ ਗਰਾਂਟ (ਨਾਨ-ਪਲਾਨ)' 2009-10 ਨੂੰ ਨਾਂ ਪਾਉਣਾ (ਡੈਬਿਟ) ਕੀਤਾ ਜਾਵੇਗਾ।

3. ਇਹ ਗਰਾਂਟਾਂ ਹੇਠ ਲਿਖੀਆਂ ਸ਼ਰਤਾਂ/ਸਿਧਾਂਤਾਂ ਅਨੁਸਾਰ ਕੇਵਲ ਰਜਿਸਟਰਡ ਸੰਸਥਾਵਾਂ ਨੂੰ ਹੀ ਮੰਨਜੂਰ ਕੀਤੀਆਂ ਜਾ ਸਕਦੀਆਂ ਹਨ ਬੇਸ਼ਰਤੇ ਕਿ ਇੰਨ੍ਹਾਂ ਤੋ ਆਮ ਜਨਤਾ ਨੂੰ ਲਾਭ ਪਹੁੰਚੇ ਅਤੇ ਇਹ ਸਮਾਜ ਦੇ ਕਿਸੇ ਇੱਕ ਫਿਰਕੇ/ਧਰਮ ਨਾਲ ਸਬੰਧਤ ਨਾਂ ਹੋਣ।

4. ਮਾਨਯੋਗ ਮੁੱਖ ਮੰਤਰੀ/ਉਪ ਮੁੱਖ ਮੰਤਰੀ/ਕੈਬਨਿਟ ਮੰਤਰੀ ਅਤੇ ਮੁੱਖ ਸੰਸਦੀ ਸਕੱਤਰ ਆਪਣੀ ਅਗਵਾਈ ਵਾਸਤੇ ਹੇਠ ਲਿਖੇ ਕੰਮਾਂ/ਸਕੀਮਾਂ ਨੂੰ ਆਮ ਤੌਰ ਤੇ ਧਿਆਨ ਵਿੱਚ ਰਖਣਗੇ।

ੳ) ਪੀਣ ਵਾਲੇ ਪਾਣੀ ਦੀ ਲੋਕ ਭਲਾਈ/ਵਿਕਾਸ ਸਕੀਮਾਂ ਵਾਸਤੇ ਚੁਣੀ ਹੋਈ ਸੰਸਥਾ ਨੂੰ ਗਰਾਂਟ।

ਅ) ਖੇਤੀਬਾੜੀ ਦੇ ਸੁਧਾਰ ਵਾਸਤੇ ਚੁਣੀ ਹੋਈ ਸੰਸਥਾ ਵਲੋ ਚਲਾਏ ਗਏ ਸਥਾਈ ਕੰਮਾਂ ਵਾਸਤੇ।

ੲ) ਦਿਹਾਤੀ ਸਫਾਈ ਦੇ ਸੁਧਾਰ ਵਾਸਤੇ ਭਲਾਈ/ਵਿਕਾਸ ਕੰਮ।

ਪਿੰਡਾ ਦੀਆਂ ਸੜਕਾਂ ਤੇ ਪੁਲਾਂ ਨੂੰ ਬਣਾਉਣ ਅਤੇ ਰੱਖ ਰਖਾਵ ਵਾਸਤੇ ।

ਸ) (i ) ਪਿੰਡਾਂ ਵਿੱਚ ਗਲੀਆਂ ਵਿੱਚ ਰੌਸ਼ਨੀ ਦਾ ਪ੍ਰਬੰਧ ਅਤੇ ਇਸ ਦਾ ਰੱਖ ਰਖਾਵ ਜਿਸ ਵਿੱਚ ਸੂਰਜੀ ਰੌਸਨੀ (ਸੋਲਰ ਲਾਈਟ) ਵੀ ਸ਼ਾਮਲ ਹੈ ।

(ii) ਗੋਬਰ/ਬਾਇਓ ਗੈਸ ਪਲਾਂਟ ਲਗਾਉਣ ਵਾਸਤੇ ।

(iii ) ਮੈਡੀਕਲ /ਅੱਖਾਂ /ਖੂਨਦਾਨ ਕੈਪਾਂ ਨੂੰ ਮਾਲੀ ਸਹਾਇਤਾ ਦੇਣ ਲਈ ।

(iv) ਗਰਾਮ ਪੰਚਾਇਤਾਂ ਲਈ ਆਧੁਨਿਕ ਅਤੇ ਅਤਿ ਆਧੁਨਿਕ ਸਹੂਲਤਾ ਜਿਵੇਂ ਕਿ ਕੰਪਿਊਟਰ,ਟੈਲੀਵਿਜ਼ਨ ਸੈਟ ਅਤੇ ਫੈਕਸ ਆਦਿ ਦੀ ਖਰੀਦ ਕਰਨ ਲਈ ।

(v) ਆਮ ਅਬਾਦੀ ਵਿੱਚ ਬਰਸਾਤ ਆਦਿ ਨਾਲ ਜਮ੍ਹਾ ਹੋਏ ਪਾਣੀ ਦੀ ਨਿਕਾਸੀ ਲਈ ਤਾਂ ਜੋ ਮੱਖੀ ਮੱਛਰ ਤੋ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਿਆ ਜਾ ਸਕੇ ।

(vi) ਪੰਚਾਇਤ ਘਰ ਅਤੇ ਪੰਚਾਇਤਾਂ ਲਈ ਚਬੂਤਰੇ ਬਣਾਉਣ ਲਈ ਅਤੇ ਉਸ ਦੇ ਰੱਖ ਰਖਾਵ ਲਈ ।

(vii) ਪੰਚਾਇ੍ਤਾਂ ਅਤੇ ਮਿਉਸਿਪਲ ਸੰਸਥਾਂ ਵਾਸਤੇ ਲੋਕ ਹਿੱਤ ਵਿੱਚ ਪੜਨ ਵਾਲੀਆਂ ਰਸਾਲੇ ਕਿਤਾਬਾਂ,ਜਰਨਲਸਜ਼,ਮੈਨੂਅਲ ਅਤੇ ਨਕਸ਼ੇ ਆਦਿ ਦੀ ਖਰੀਦ ਕਰਨ ਲਈ ।

(vii) ਆਯੂਰਵੈਦਿਕ ਦਵਾਈਆਂ ਤਿਆਰ ਕਰਨ ਲਈ ਪੰਚਾਇਤੀ ਭੂਮੀ ਤੇ ਖੇਤੀਬਾੜੀ ਦੇ ਕੰਮ ਆਦਿ ਲਈ।

ਹ) ਸਰਕਾਰੀ/ਗੈਰ ਸਰਕਾਰੀ ਡਿਸਪੈਂਸਰੀਆਂ ਦੇ ਸੁਧਾਰ ਵਾਸਤੇ ਬਸ਼ਰਤੇ ਕਿ ਅਜਿਹਿਆਂ ਸਮਾਜ ਸੇਵਾ/ਭਲਾਈ ਸੰਸਥਾਵਾਂ ਪਹਿਲਾ ਹੀ ਹੋਂਦ ਵਿੱਚ ਹੋਣ ।

ਕ) ਪੰਚਾਇਤ/ਮਿਉਸਿਪਲ ਸੰਸਥਾ ਦੀ ਲਾਇਬਰੈਰੀ ਦੀਆਂ ਕਿਤਾਬਾਂ ਜਿਸ ਵਿੱਚ ਐਡਵੋਕੇਟ ਬਾਰ ਐਸੋਸਿਏਸ਼ਨ/ਕੌਂਸਲ ਦੀਆਂ ਕਿਤਾਬਾਂ ਆਦਿ ਸ਼ਾਮਲ ਨਾ ਹੋਣ।

ਖ) ਪੰਚਾਇਤ/ਪੰਚਾਇਤ ਸੰਮਤੀ ਦੇ ਗੁਦਾਮਾਂ ਦੀ ਉਸਾਰੀ ਲਈ ।

ਗ) ਸਮੂਹਿਕ ਸ਼ਮਸ਼ਾਨ ਘਾਟ/ਕਬਰਸ਼ਤਾਨ/ਸ਼ਿਵ ਪੂਰੀ ਦੇ ਰੱਖ ਰਖਾਵ ਬਾਰੇ ।

ਘ) ਸਰਕਾਰੀ/ਗੈਰ ਸਰਕਾਰੀ ਸਕੂਲਾਂ ਦੇ ਗਰੀਬੀ ਰੇਖਾ ਤੋ ਹੇਠਾ ਦੇ ਗਰੀਬ ਜਾਂ ਅਨਾਥ/ਅਪਾਹਿਜ਼/ਬੇਸਹਾਰਾ ਬੱਚਿਆਂ ਨੂੰ ਕਾਪੀਆਂ ਕਿਤਾਬਾਂ,ਬਸਤੇ ਅਤੇ ਵਰਦੀਆਂ ਅਤੇ ਤਿੰਨ ਪਹੀਆਂ ਵਾਲੇ ਸਾਇਕਲ ਦੇਣ ਅਤੇ ਪ੍ਰਤਿਭਾਸ਼ਾਲੀ ਬੱਚਿਆ ਨੂੰ ਉਤਸਾਹਿਤ ਕਰਨ ਲਈ ਇੱਕੋ ਵਾਰ ਲਾਭ ਦੇਣ ਲਈ ।

ਙ) 15 ਅਗਸਤ ਅਤੇ 26 ਜਨਵਰੀ ਦੇ ਕੋਮੀ ਦਿਨਾਂ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਵਾਲੇ ਬਚਿੱਆਂ ਨੂੰ ਚਾਹ ਪਾਣੀ (ਰਿਫਰੈਸ਼ਮੈਂਟ) ਆਦਿ ਲਈ ਰਕਮ ਸਬੰਧਤ ਸੰਸਥਾ ਦੇ ਮੁਖੀ ਪਾਸ ਰੱਖਣੀ ਜਰੂਰੀ ਹੋਵੇਗੀ)।

ਚ) ਸਭਿਆਚਾਰ ਕਲੱਬਾਂ/ਸੋਸਾਇਟੀਆਂ ਅਤੇ ਮਹਿਲਾਂ ਮੰਡਲਾਂ ਨੂੰ ਸਮੂਚੇ ਸੁਧਾਰ ਕੰਮਾਂ/ਖੇਡਾਂ ਨੂੰ ਉਤਸਾਹਿਤ ਕਰਨ ਲਈ ਬਸ਼ਰਤੇ ਕਿ ਅਜਿਹਿਆਂ ਸੰਸਥਾਵਾਂ ਸਮਾਜ ਦੇ ਸੁਧਾਰ ਅਤੇ ਸਭਿਆਚਾਰਕ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰਕੇ ਲੋਕਾਂ ਵਿੱਚ ਭਾਈਚਾਰਾ ਵਧਾਉਣ ਵਿੱਚ ਸਹਾਈ ਹੋਣ।

ਛ) ਡਰਾਮਾ/ਰਾਮ ਲੀਲਾ ਕਲੱਬਾਂ ਅਤੇ ਹੋਰ ਸਵੈ ਸੇਵਕ ਸਮਾਜਿਕ ਅਤੇ ਸੱਭਿਆਚਾਰ ਸੰਸਥਾਵਾਂ/ਸੋਸਾਈਟੀਆਂ ਆਦਿ ਦੀਆਂ ਸੱਭਿਆਚਾਰਕ ਗਤੀਵਿਧੀਆਂ ਰਾਂਹੀਂ ਸੁਸਾਇਟੀ ਵਿੱਚ ਇਖਲਾਕੀ ਕੀਮਤਾਂ ਨੂੰ ਬੜਾਵਾ ਦੇਣ ਲਈ।

ਜ) ਸੁਸਾਇਟੀਆਂ ਅਤੇ ਕਲਬਾਂ ਨੂੰ ਭਿੰਨ ਭਿੰਨ ਵਰਗਾਂ ਦੇ ਲੋਕਾਂ ਵਿੱਚ ਵਧੀਆ ਸਾਂਝ ਪੈਦਾ ਕਰਨ ਲਈ ਬਰਤਨ, ਫਰ਼ਸ਼ ਦੀਆਂ ਦਰੀਆਂ, ਤੰਬੂ/ਕਨਾਂਤਾਂ ਆਦਿ ਦੀ ਖਰੀਦ ਕਰਨ ਲਈ।

ਜ਼(1) ਅਨੁਸੂਚਿਤ ਜਾਤੀਆਂ/ਬਾਜੀਗਰਾਂ ਅਤੇ ਹੋਰ ਗਰੀਬ ਲੋਕਾਂ ਦੀਆਂ ਧਰਮਸ਼ਾਲਾਵਾਂ ਨੂੰ ਸਾਂਝੀ ਵਰਤੋ ਲਈ ਤੰਬੂ/ਬਰਤਨ/ਫਰਨੀਚਰ ਅਤੇ ਹੋਰ ਆਮ ਵਰਤੋ ਦੀਆਂ ਵਸਤਾਂ ਖਰੀਦਣ ਲਈ 50,000/- ਰੁਪਏ ਤੱਕ ਦੀ ਮਾਲੀ ਸਹਾਇਤਾ ਬਸ਼ਰਤੇ ਕਿ ਅਜਿਹੀਆ ਸੰਸਥਾਂਵਾ ਰਜਿਸਟਰਡ ਹੋਣ।

(ਝ) ਕੁਦਰਤੀ ਆਫਤਾਂ ਦੋਰਾਨ ਪਿੰਡ ਦੇ ਸਮੂਹਿਕ ਪਸ਼ੂਆਂ ਦੇ ਇਲਾਜ ਲਈ ਦਵਾਈਆਂ/ਚਾਰਾਂ/ਖੁਰਾਕ ਆਦਿ ਲਈ ਪਿੰਡ ਦੀ ਪੰਚਾਇਤ ਨੂੰ ਆਰਥਿਕ ਸਹਾਇਤਾਂ ਦੇਣਾ।

ਟ) ਹਰ ਵਰਗ ਦੇ ਪੇਂਡੂ/ਸ਼ਹਿਰੀ ਵਿਦਾਆਰਥੀ ਲਈ ਭਲਾਈ ਸਕੀਮਾਂ ਵਾਸਤੇ।

ਠ) ਕਿਸੇ ਗੰਭੀਰ ਰੋਗੀ ਦੇ ਇਲਾਜ ਲਈ ਵਿਅਕਤੀ ਨੂੰ ਵਿਅਕਤੀਗਤ ਤੌਰ ਤੇ ਉਸਦੇ ਮੈਡੀਕਲ ਰਿਕਾਰਡ ਦੇ ਆਧਾਰ ਤੇ ਵਿਵੇਕੀ ਗ੍ਰਾਂਟਾ ਵਿੱਚੋ ਵੱਧ ਤੋ ਵੱਧ 30,000/-ਰੁਪਏ ਦੀ ਮਾਲੀ ਸਹਾਇਤਾ।

5. ਇਹ ਗਰਾਂਟਾਂ ਸਕੂਲਾਂ, ਹਸਪਤਾਲਾਂ, ਡਿਸਪੈਂਸਰੀਆਂ (ਜਿਸ ਵਿੱਚ ਪਸ਼ੂ ਹਸਪਤਾਲਾਂ ਅਤੇ ਡਿਸਪੈਸਰੀਆਂ ਵੀ ਸ਼ਾਮਲ ਹਨ) ਆਦਿ ਇਮਾਰਤਾਂ ਦੀ ਮੁਰੰਮਤ/ਨਵੀਨੀਕਰਨ /ਰੱਖ ਰਖਾਵ ਲਈ ਦਿੱਤੀਆਂ ਜਾ ਸਕਦੀਆਂ ਹਨ।ਬਸ਼ਰਤੇ ਕਿ ਸਾਲ ਦੋਰਾਨ ਅਜਿਹੇ ਕੰਮਾਂ ਲਈ ਸਬੰਧਤ ਵਿਭਾਗ ਨੂੰ ਉਸੇ ਮੰਤਵ ਲਈ ਰਾਸ਼ੀ ਪ੍ਰਾਪਤ ਨਾਂ ਹੋਈ ਹੋਵੇ।

6. ਮਾਨਯੋਗ ਮੁੱਖ ਮੰਤਰੀ/ਉਪ ਮੁੱਖ ਮੰਤਰੀ/ ਕੈਬਨਿਟ ਮੰਤਰੀ ਅਤੇ ਮੁੱਖ ਸੰਸਦੀ ਸਕੱਤਰ ਅਜਿਹੇ ਕੰਮਾਂ ਜਾਂ ਸਕੀਮਾਂ ਵਾਸਤੇ, ਜ਼ੋਕਿ ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਵਿੱਚ ਸੁਧਾਰ ਲਿਆਉਣ ਲਈ ਜਾਂ ਕੌਮ ਲਈ ਸਮੁਚੇ ਤੋਰ ਤੇ ਲਾਭਦਾਇਕ ਹੋਣ,ਲਈ ਗਰਾਂਟ ਮੰਨਜ਼ੂਰ ਕਰ ਸਕਦੇ ਹਨ।

7. ਮਾਨਯੋਗ ਮੁੱਖ ਮੰਤਰੀ/ ਉਪ ਮੁੱਖ ਮੰਤਰੀ/ਕੈਬਨਿਟ ਮੰਤਰੀ ਅਤੇ ਮੁੱਖ ਸੰਸਦੀ ਸਕੱਤਰ ਗਰਾਂਟ ਮੰਨਜੂਰ ਕਰਨ ਲਈ ਲਾਭਪਾਤਰਾਂ ਪਾਸੋ ਹਿੱਸਾ ਦੇਣ ਦੀ ਸ਼ਰਤ ਲਗਾਉਣਗੇ, ਜੇਕਰ ਲਾਹੇਵੰਦ ਸੰਸਥਾਵਾ ਅੰਸ਼ਦਾਨ ਦੇਣ ਲਈ ਸਮਰੱਥ ਹੋਣ।

8. ਗਰਾਂਟਾ ਪੰਜਾਬ ਰਾਜ ਦੇ ਸਾਰੇ ਇਲਾਕਿਆਂ ਵਿੱਚ ਮੰਨਜ਼ੂਰ ਕੀਤੀਆਂ ਜਾ ਸਕਦੀਆਂ ਹਨ ਪ੍ਰੰਤੂ ਉਨ੍ਹਾਂ ... ਨੂੰ ਵੀ ਮੰਨਜ਼ੂਰ ਕੀਤੀਆਂ ਜਾ ਸਕਦੀਆਂ ਹਨ,ਜੇਕਰ ਇਹ

ਸੰਸਥਾਵਾਂ ਪੰਜਾਬੀ ਸਭਿਆਚਾਰ ਪ੍ਰਫੁਲਤ ਕਰਨ ਵਿੱਚ ਸਹਾਇਕ ਹੋਣ ਜਾਂ ਰਾਜ ਦੇ ਵਿਕਾਸ ਦਾ ਪ੍ਰਤੀਬਿੰਬ ਬਨਣ। ਇਸ ਮੰਤਵ ਲਈ ਚੰਡੀਗੜ੍ਹ ਪੰਜਾਬ ਦਾ ਹਿੱਸਾ ਸਮਝਿਆ ਜਾਵੇਗਾ।

9. ਇੱਕ ਮੌਕੇ ਤੇ ਇੱਕ ਸੰਸਥਾ ਨੂੰ, ਇੱਕ ਮੰਤਵ ਲਈ ਸਾਲ ਦੌਰਾਨ ਕੇਵਲ ਵੱਧ ਤੋਂ ਵੱਧ 10,00,000/- (ਦਸ ਲੱਖ ਰੁਪਏ) ਦੀ ਰਾਸ਼ੀ ਮੰਨਜ਼ੂਰ ਕੀਤੀ ਜਾ ਸਕਦੀ ਹੈ।ਜਿਸ ਮੰਤਵ ਲਈ ਸੰਸਥਾ ਗਰਾਂਟ ਲੈ ਚੁੱਕੀ ਹੋਵੇ ਤਾ ਉਸੇ ਮੰਤਵ ਲਈ ਗਰਾਂਟ ਦੁਬਾਰਾ ਮੰਨਜ਼ੂਰ ਨਹੀਂ ਕੀਤੀ ਜਾਵੇਗੀ।

10. ਜਦੋਂ ਤੱਕ ਸੰਸਥਾ ਪਹਿਲੀ ਪ੍ਰਾਪਤ ਕੀਤੀ ਗਰਾਂਟ ਦਾ ਵਰਤੋਂ ਪ੍ਰਮਾਣ ਪੱਤਰ ਨਹੀਂ ਭੇਜਦੀ, ਉਦੋਂ ਤੱਕ ਉਸ ਨੂੰ ਕਿਸੇ ਵੀ ਮੰਤਵ ਲਈ ਗਰਾਂਟ ਨਹੀਂ ਦਿੱਤੀ ਜਾਵੇਗੀ।

11. ਵਿਭਾਗ ਵਲੋਂ ਜਾਰੀ ਕੀਤੇ ਨਿਰਧਾਰਤ ਪ੍ਰਫਾਰਮੇ ਵਿੱਚ ਵਿਵੇਕੀ ਗਰਾਂਟਾਂ ਦੀ ਰਕਮ ਭਰਕੇ ਮਾਨਯੋਗ ਮੁੱਖ ਮੰਤਰੀ/ਉੱਪ ਮੁੱਖ ਮੰਤਰੀ ਕੈਬਨਿਟ ਮੰਤਰੀ, ਮੁੱਖ ਸੰਸਦੀ ਸਕੱਤਰ ਜੀ ਵਲੋਂ ਹਸਤਾਖਰ ਕਰਨ ਉਪਰੰਤ ਕੰਟਰੋਲਰ ਪੰਚਾਇਤੀ ਰਾਜ (ਵਿੱਤ), ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ,ਚੰਡੀਗੜ੍ਹ ਨੂੰ ਮੰਨਜ਼ੂਰੀ ਜਾਰੀ ਕਰਨ ਲਈ ਪ੍ਰੋਫਾਰਮਾ ਭੇਜਿਆ ਜਾਵੇਗਾ।

12. ਮਾਨਯੋਗ ਮੁੱਖ ਮੰਤਰੀ/ਉੱਪ ਮੁੱਖ ਮੰਤਰੀ ਕੈਬਨਿਟ ਮੰਤਰੀ, ਮੁੱਖ ਸੰਸਦੀ ਸਕੱਤਰ ਸਾਹਿਬਾਨ ਵਲੋ ਸਵੈ-ਅਚਾਰ ਸਹਿਤ (ਸੈਲਫ ਕੋਡ ਆਫ ਕੰਡਕਟ) ਰਾਂਹੀਂ ਆਪਣੀਆਂ ਗਰਾਂਟਾਂ ਦੀ ਕੁਲ ਰਕਮ ਦਾ 50% ਤੋਂ ਵੱਧ ਆਪਣੇ ਹਲਕੇ ਵਿੱਚ ਖਰਚ ਨਹੀਂ ਕਰਨਗੇ।

13. ਭਾਰਤ ਦੇ ਸੰਵਿਧਾਨ ਦੀ ਧਾਰਾ 27 ਅਧੀਨ ਰਾਜ ਦੇ ਕਿਸੇ ਵੀ ਧਾਰਮਿਕ ਸੰਸਥਾ, ਜਿਵੇਂ ਕਿ ਮੰਦਿਰ, ਗੁਰਦੁਆਰਾ,ਚਰਚ ਜਾਂ ਮਸੀਤ ਆਦਿ ਨੂੰ ਇੰਨ੍ਹਾਂ ਦੀ ਇਮਾਰਤ ਦੀ ਉਸਾਰੀ ਜਾਂ ਇੰਨ੍ਹਾਂ ਦੀ ਮੁਰੰਮਤ ਲਈ ਵਿਵੇਕੀ ਗਰਾਂਟ ਨਹੀਂ ਦਿੱਤੀ ਜਾਵੇਗੀ।

13 (ਏ) ਉਹ ਧਰਮਸ਼ਾਲਾਵਾ ਜਿਹੜੀਆਂ ਧਾਰਮਿਕ ਸੰਸਥਾਵਾ ਨਾਲ ਸਬੰਧ ਰੱਖਦੀਆਂ ਹਨ,ਨੂੰ ਵੀ ਵਿਵੇਕੀ ਗ੍ਰਾਂਟ ਵਿੱਚੋ ਉਹਨਾਂ ਦੀ ਉਸਾਰੀ ਜਾਂ ਮੁਰੰਮਤ/ਵਾਧੂ ਉਸਾਰੀ ਲਈ ਕੋਈ ਰਕਮ ਨਹੀਂ ਦਿੱਤੀ ਜਾਵੇਗੀ।

13 (ਬੀ) ਅਨੁਸੂਚਿਤ ਜਾਤੀਆਂ ਅਤੇ ਹੋਰ ਗਰੀਬ ਵਰਗਾਂ ਲਈ ਧਰਮਸ਼ਾਲਾਵਾਂ ਵਾਸਤੇ ਜਿੱਥੇ ਪੰਚਾਇਤੀ ਜ਼ਮੀਨ ਉਪਲੱਭਧ ਨਾ ਹੋਵੇ,ਉਹਨਾਂ ਨੂੰ ਪੰਚਾਇਤਾਂ/ਸੁਸਾਇਟੀਆਂ/ਸੰਸਥਾਵਾਂ ਨੂੰ ਜ਼ਮੀਨ ਖਰੀਦਣ ਵਾਸਤੇ ਇਸ ਸ਼ਰਤ ਤੇ ਗ੍ਰਾਂਟ ਜ਼ਾਰੀ ਕੀਤੀ ਜਾਵੇਗੀ ਕਿ ਗ੍ਰਾਮ ਪੰਚਾਇਤ ਤੋਂ ਇਲਾਵਾ ਸੁਸਾਇਟੀਆਂ/ਸੰਸਥਾਵਾਂ ਪੰਜਾਬ ਸਰਕਾਰ ਦੇ ਨਿਯਮਾਂ/ਐਕਟਾ ਅਧੀਨ ਰਜਿਸਟਰਡ ਹੋਣ ।

13 (ਸੀ) ਗਰੀਬ ਲੋਕਾ ਨੂੰ ਮਕਾਨ ਦੀ ਉਸਾਰੀ ਲਈ 50,000/-ਰੁਪਏ ਦੀ ਮਾਲੀ ਸਹਾਇਤਾ ਹੇਠ ਲਿਖੀਆਂ ਸ਼ਰਤਾ ਅਧੀਨ ਜ਼ਾਰੀ ਕੀਤੀ ਜਾਵੇਗੀ:-

(i) ਗਰੀਬ ਆਦਮੀ ਬੀ.ਪੀ.ਐਲ ਕਾਰਡ ਧਾਰਕ ਜਾਂ ਆਟਾ ਦਾਲ ਸਕੀਮ ਦਾ ਲਾਭ ਪਾਤਰ ਹੋਵੇ।

(ii) ਲਾਭ ਪਾਤਰ ਵਲੋ ਇੰਦਰਾ ਅਵਾਸ ਯੋਜਨਾਂ ਜਾਂ ਕਿਸੇ ਹੋਰ ਸਕੀਮ ਅਧੀਨ ਪਹਿਲਾਂ ਇਸ ਮੰਤਵ ਲਈ ਲਾਭ ਨਾਂ ਲਿਆ ਹੋਵੇ।

(iii) ਲਾਭ ਪਾਤਰ ਪਿੰਡ/ਸ਼ਹਿਰ ਦਾ ਪੱਕਾ ਵਾਸੀ ਹੋਵੇ ਅਤੇ ਉਸ ਦਾ ਵੋਟਰ ਸ਼ਨਾਖਤੀ ਕਾਰਡ ਬਣਿਆ ਹੋਵੇ।

(iv) ਪਿੰਡਾਂ ਵਿੱਚ ਇਹ ਗਰਾਂਟ ਸਬੰਧਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਤੇ ਸ਼ਹਿਰਾਂ ਵਿੱਚ ਉੱਪ ਮੰਡਲ ਮੇਜਿਸਟ੍ਰੇਟ ਜਾਂ ਕਾਰਜਕਾਰੀ ਅਫਸਰ, ਮਿਉਸਪਲ ਕਮੇਟੀ ਰਾਂਹੀਂ ਜਾਰੀ ਕੀਤੀ ਜਾਵੇਗੀ।

(v) ਲਾਭ ਪਾਤਰ ਪਾਸ ਜਗਾਂ ਉਪਲਬਧ ਹੋਵੇ ਅਤੇ ਉਸ ਦੀ ਮਲਕੀਅਤ ਹੋਵੇ।

(vi) ਇੱਕ ਲਾਭ ਪਾਤਰ ਨੂੰ ਇੱਕ ਤੋ ਵੱਧ ਵਾਰ ਗਰਾਂਟ ਜਾਰੀ ਨਹੀਂ ਕੀਤੀ ਜਾ ਸਕਦੀ।

13(ਡੀ) ਕਮਜ਼ੋਰ ਵਰਗ ਦੇ ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਮਕਾਨ ਲਈ ਜਮੀਨ/ਉਸਾਰੀ/ਮੁਰੰਮਤ ਲਈ ਵਿੱਤੀ ਸਹਾਇਤਾ। ਇਹ ਸਹਾਇਤਾ 13(ਸੀ) ਵਿੱਚ ਦਰਸਾਈਆਂ ਗਈਆ ਸ਼ਰਤਾਂ ਵਿੱਚੋਂ ਸ਼ਰਤ ਨੰ: V ਨੂੰ ਛੱਡ ਕੇ ਬਾਕੀ ਸ਼ਰਤਾਂ ਅਧੀਨ ਜਾਰੀ ਕੀਤੀ ਜਾਵੇਗੀ।

14. ਧਾਰਮਿਕ ਸੰਸਥਾਵਾ ਵਲੋ ਚਲਾਈਆਂ ਜਾ ਰਹੀਆਂ ਵਿਦਿਅਕ ਸੰਸਥਾਵਾਂ,ਡਿਸਪੈਂਸਰੀਆਂ ਜਾਂ ਕੋਈ ਹੋਰ ਲੋਕ ਹਿੱਤ ਮੰਤਵ ਲਈ ਇਹ ਗਰਾਂਟ ਧਾਰਮਿਕ ਸੰਸਥਾਵਾਂ ਨੂੰ ਦਿੱਤੀ ਜਾ ਸਕਦੀ ਹੈ।

15. ਕੰਟਰੋਲਰ ਪੰਚਾਇਤੀ ਰਾਜ (ਵਿੱਤ) ਮਾਨਯੋਗ ਮੁੱਖ ਮੰਤਰੀ/ ਉਪ ਮੁੱਖ ਮੰਤਰੀ/ ਕੈਬਨਿਟ ਮੰਤਰੀ ਅਤੇ ਮੁੱਖ ਪਾਰਲੀਮਾਨੀ ਸਕੱਤਰ ਵਲੋ ਨਿਰਧਾਰਤ ਪ੍ਰਫਾਰਮੇ ਵਿੱਚ ਪ੍ਰਾਪਤ/ਮੰਨਜ਼ੂਰ ਕੀਤੀ ਗਈ ਗਰਾਂਟ ਦੇ ਆਧਾਰ ਤੇ ਫੰਡਾਂ ਦੀ ਅਲਾਟਮੈਂਟ ਸਬੰਧਤ ਜਿਲਾ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਜ਼ਾਰੀ ਕਰਨ ਸਬੰਧੀ ਕਾਰਵਾਈ ਕਰਨਗੇ। ਤਾਂ ਕਿ ਵਿਵੇਕੀ ਗਰਾਂਟ ਦੀ ਰਕਮ ਉਸ ਕੰਮ/ਸਕੀਮਾਂ ਜਿਸ ਲਈ ਮੰਨਜ਼ੂਰਸੁਦਾ ਹੈ ਤੇ ਖਰਚ ਕੀਤੀ ਜਾ ਸਕੇ।ਜਿਲਾ ਪ੍ਰੀਸ਼ਦ,ਪੰਚਾਇਤ ਸੰਮਤੀ ਜਾਂ ਸਬੰਧਤ ਪੰਚਾਇਤ ਲੋਕ ਨਿਰਮਾਣ (ਇਮਾਰਤਾਂ ਅਤੇ ਸੜਕਾਂ) ਜਾਂ ਸਿੰਚਾਈ ਵਿਭਾਗ ਜਾਂ ਹੋਰ ਕੋਈ ਸਰਕਾਰੀ ਸੰਸਥਾਂ ਜਾਂ ਮਿਉਸਪਲ ਕਮੇਟੀ, ਜਿਸ ਦੀ ਨਿਯੁਕਤੀ ਸਰਕਾਰੀ ਕਾਇਦੇ ਕਾਨੂੰਨ ਮੁਤਾਬਿਕ ਕੀਤੀ ਗਈ ਹੋਵੇ 6 ਮਹੀਨੇ ਦੇ ਅੰਦਰ ਅੰਦਰ ਵਿਵੇਕੀ ਗਰਾਂਟਇਸਤੇਮਾਲ/ਖਰਚ ਕਰਨਗੇ ਅਤੇ ਇਸ ਦਾ ਵਰਤੋ ਪ੍ਰਮਾਣ ਪੱਤਰ 30 ਸਤੰਬਰ,2010 ਤੋ ਪਹਿਲਾਂ-ਪਹਿਲਾਂ ਮਹਾਲੇਖਾਕਾਰ ਪੰਜਾਬ ਅਤੇ ਇਸ ਵਿਭਾਗ ਨੂੰ ਭੇਜਣਗੇ। ਇਸ ਤੋ ਇਲਾਵਾ ਸਬੰਧਤ ਜਿਲਾ ਵਿਕਾਸ ਤੇ ਪੰਚਾਇਤ ਅਫਸਰ ਇਹ ਯਕੀਨੀ ਬਣਾਉਣਗੇ ਕਿ ਇਸ ਦਾ ਲੇਖਾ ਆਡਿਟ ਵਿਭਾਗ ਵੱਲੋਂ ਚੈਕ ਕਰਵਾਇਆ ਜਾਵੇਗਾ।

16. ਜਿਲਾ ਵਿਕਾਸ ਤੇ ਪੰਚਾਇਤ ਅਫਸਰ ਦੀ ਇਹ ਵੀ ਜਿੰਮੇਵਾਰੀ ਹੋਵੇਗੀ ਕਿ ਉਹ ਇਸ ਗੱਲ ਦਾ ਧਿਆਨ ਰਖਣ ਕਿ ਜ਼ੋ ਗਰਾਂਟਾਂ ਮਾਨਯੋਗ ਮੁੱਖ ਮੰਤਰੀ/ ਉੱਪ ਮੁੱਖ ਮੰਤਰੀ ਕੈਬਨਿਟ ਮੰਤਰੀ ਅਤੇ ਮੁੱਖ ਸੰਸਦੀ ਸਕੱਤਰ ਵਲੋ ਮੰਨਜ਼ੂਰ ਕੀਤੀਆਂ ਗਈਆਂ ਹਨ, ਉਹ ਅਸਲ ਤੋਰ ਤੇ ਇਸਤੇਮਾਲ ਹੋਣ ਅਤੇ ਕੰਮ/ਸਕੀਮਾਂ ਠੀਕ ਤਰੀਕੇ ਨਾਲ ਨਿਰਧਾਰਤ ਨਿਯਮਾਂ/ਕਾਨੂੰਨਾਂ ਮੁਤਾਬਿਕ ਹੋਵੇ। ਅਜਿਹਾ ਨਾਂ ਕਰਨ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਸਬੰਧਤ ਜਿਲਾ ਵਿਕਾਸ ਤੇ ਪੰਚਾਇਤ ਅਫਸਰ ਦੀ ਹੋਵੇਗੀ।

17. ਇਹ ਹਦਾਇਤਾਂ ਉਹਨਾਂ ਗਰਾਂਟਾ ਉਤੇ ਲਾਗੂ ਹੋਣਗੀਆਂ ਜਿਹੜੀਆਂ ਕਿ ਇਸ ਵਿੱਤੀ ਸਾਲ ਦੌਰਾਨ ਮਨਜੂਰ ਕੀਤੀਆਂ ਗਈਆ ਹਨ।

18. ਵਿੱਤੀ ਸਾਲ ਦੌਰਾਨ ਮੰਨਜੂਰ ਕੀਤੀਆਂ ਗਰਾਂਟਾਂ ਦੇ ਮੰਤਵ/ ਕਾਰਜਕਾਰੀ ਏਜੰਸੀ ਨਹੀਂ ਬਦਲੀ ਜਾਵੇਗੀ। ਜੇਕਰ ਕੋਈ ਵੀ ਅਜਿਹਾ ਬਦਲਾਅ ਲੋਕ ਹਿਤ ਵਿੱਚ ਜਰੂਰੀ ਹੋਵੇ ਤਾਂ 31.3.2010 ਤੋ ਪਹਿਲਾਂ ਪਹਿਲਾਂ ਕੇਵਲ ਮਾਨਯੋਗ ਮੁੱਖ ਮੰਤਰੀ/ ਉੱਪ ਮੁੱਖ ਮੰਤਰੀ,ਕੈਬਨਿਟ ਮੰਤਰੀ ਅਤੇ ਮੁੱਖ ਸੰਸਦੀ ਸਕੱਤਰ ਵਲੋ ਲਿਖਤੀ ਰੂਪ ਵਿੱਚ ਸਿਫਾਰਸ਼ ਪ੍ਰਾਪਤ ਹੋਣ ਤੇ ਕੀਤਾ ਜਾਵੇਗਾ।

ਜਗਪਾਲ ਸਿੰਘ ਸੰਧੂ
ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ

ਚੰਡੀਗੜ੍ਹ,ਮਿਤੀ 29-5-2009

ਪਿਠ ਅੰਕਣ ਨੰ: 2/2/2009-ਬਸ-9/ 1122 ਚੰਡੀਗੜ੍ਹ, ਮਿਤੀ 1/6/09

ਇਸ ਦਾ ਇੱਕ ਉਤਾਰਾ ਮਹਾਂਲੇਖਾਕਾਰ (ਏ ਅਤੇ ਈ) ਅਤੇ ਜੀ.ਆਈ.ਸੈਲ ਪੰਜਾਬ,ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ-ਕਮ-ਕੰਟਰੋਲਰ
ਪੰਚਾਇਤੀ ਰਾਜ (ਵਿੱਤ)

ਪਿਠ ਅੰਕਣ ਨੰ: 2/2/2009-ਬਸ-9/ 1123 ਚੰਡੀਗੜ੍ਹ, ਮਿਤੀ 1/6/09

ਇਸਦਾ ਇੱਕ ਉਤਾਰਾ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ ਕਮਿਸ਼ਨਰਜ਼ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ-ਕਮ-
ਕੰਟਰੋਲਰ ਪੰਚਾਇਤੀ ਰਾਜ (ਵਿੱਤ)

ਇਸ ਦਾ ਇੱਕ ਉਤਾਰਾ ਉਪ ਸਕੱਤਰ ਵਿੱਤ(ਯੂ),ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਖਰਚਾ-3 ਸ਼ਾਖਾ) ਨੂੰ ਉਨਾਂ ਦੇ ਅੰ.ਵਿ.ਪ.ਨੰ: 1/20/09-3 ਵਿ.ਖ.3/235, ਮਿਤੀ 13.2 2009 ਅਤੇ ਨੰ: 1/9/08-1 ਵਿ.ਬ.1/94 ਮਿਤੀ 24.3.09 ਦੇ ਹਵਾਲੇ ਵਿੱਚ ਸੂਚਨਾਂ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ-ਕਮ-ਕੰਟਰੋਲਰ
ਪੰਚਾਇਤੀ ਰਾਜ (ਵਿੱਤ)

ਸੇਵਾ ਵਿਖੇ,

ਉਪ ਸਕੱਤਰ ਵਿੱਤ(ਯੂ),ਪੰਜਾਬ ਸਰਕਾਰ,
ਵਿੱਤ ਵਿਭਾਗ (ਵਿੱਤ ਖਰਚਾ-3 ਸ਼ਾਖਾ)।

ਅੰ.ਵਿ.ਪ. ਨੰ: 2/2/2009-ਬਸ-9/ 1124 ਚੰਡੀਗੜ੍ਹ,ਮਿਤੀ 1/6/09

ਇਸ ਦਾ ਇੱਕ ਉਤਾਰਾ ਸਕੱਤਰ/ਨਿੱਜੀ ਸਕੱਤਰ, ਮਾਨਯੋਗ ਮੁੱਖ ਮੰਤਰੀ/ਉੱਪ ਮੁੱਖ ਮੰਤਰੀ ਕੈਬਨਿਟ ਮੰਤਰੀ/ਮੁੱਖ ਸੰਸਦੀ ਸਕੱਤਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

2. ਪੈਰਾ ਨੰ:19 ਦੇ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ 31 ਮਾਰਚ,2010 ਤੋ ਬਾਅਦ ਕਿਸੇ ਵੀ ਜਾਰੀ ਹੋਈ ਗਰਾਂਟ ਦਾ ਮੰਤਵ/ ਏਜੰਸੀ ਨਹੀਂ ਬਦਲੀ ਜਾਵੇਗੀ।

3. ਉਹਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੰਨਜੂਰ ਕੀਤੀਆਂ ਗਰਾਂਟਾਂ ਸਬੰਧੀ ਰਜਿਸਟਰ ਰਖਣ ਅਤੇ ਇਹ ਵੀ ਵੇਖਣ ਕਿ ਗਰਾਂਟਾਂ ਨੀਤੀ/ਅਗਵਾਹੀ ਲੀਹਾਂ ਅਨੁਸਾਰ ਹੀ ਮੰਨਜੂਰ ਕੀਤੀਆਂ ਜਾ ਰਹੀਆਂ ਹਨ। ਗਰਾਂਟਾਂ ਤਿੰਨ ਪਰਤਾਂ ਵਿੱਚ ਭੇਜੀਆਂ ਜਾਣ। ਇਸ ਵਿਭਾਗ ਨਾਲ ਗਰਾਂਟਾ ਦੀ ਰਕਮ ਦਾ ਮਿਲਾਨ ਕਰਨ ਲਈ ਹਰ ਮਹੀਨੇ ਦੀ 10 ਤਰੀਕ ਨੂੰ ਆਪਣੇ ਪ੍ਰਤੀਨਿਧ ਨੂੰ ਬਜਟ ਤੇ ਲੇਖਾ ਭਾਗ ਵਿੱਚ ਭੇਜਿਆ ਜਾਵੇ। ਇਹ ਵੀ ਸ਼ੁਰਤੀਆ ਕੀਤਾ ਜਾਂਦਾ ਹੈ ਕਿ ਮਾਨਯੋਗ ਮੁੱਖ ਮੰਤਰੀ/ਉੱਪ ਮੁੱਖ ਮੰਤਰੀ ਕੈਬਨਿਟ ਮੰਤਰੀ/ਮੁੱਖ ਸੰਸਦੀ ਸਕੱਤਰ ਆਪਣੀਆਂ ਵਿਵੇਕੀ ਗਰਾਂਟਾਂ ਦਾ 50% ਤੋ ਵੱਧ ਆਪਣੇ ਹਲਕੇ ਵਿੱਚ ਖਰਚ ਨਹੀਂ ਕਰਨਗੇ।

ਵਧੀਕ ਡਾਇਰੈਕਟਰ-ਕਮ-ਕੰਟਰੋਲਰ
ਪੰਚਾਇਤੀ ਰਾਜ (ਵਿੱਤ)

ਸੇਵਾ ਵਿਖੇ,

ਸਕੱਤਰ/ਨਿੱਜੀ ਸਕੱਤਰ,ਮਾਨਯੋਗ ਮੁੱਖ ਮੰਤਰੀ/
ਉੱਪ ਮੁੱਖ ਮੰਤਰੀ ਕੈਬਨਿਟ ਮੰਤਰੀ/ਮੁੱਖ ਸੰਸਦੀ ਸਕੱਤਰ।

ਅੰ.ਵਿ.ਪ. ਨੰ: 2/2/2009-ਬਸ-9/ 1125 ਚੰਡੀਗੜ੍ਹ,ਮਿਤੀ 1/6/09

ਪਿਠ ਅੰਕਣ ਨੰ: 2/2/2009-ਬਸ-9/ 1126 ਚੰਡੀਗੜ੍ਹ, ਮਿਤੀ 1/6/09

ਇਸ ਦਾ ਇੱਕ ਉਤਾਰਾ ਬਜਟ ਤੇ ਲੇਖਾ ਭਾਗ ਦੇ ਸਮੂਹ ਸੀਨੀਅਰ ਸਹਾਇਕਾਂ ਨੂੰ ਭੇਜ਼ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮੰਤਰੀ ਵਾਈਜ਼ ਗਰਾਂਟ ਰਜਿਸਟਰ ਤਿਆਰ ਕਰਨ ਅਤੇ ਮਹੀਨੇ ਦੇ ਆਖਰੀ ਦਿਨ ਤੱਕ ਜਾਰੀ ਹੋਈਆਂ ਗਰਾਂਟਾਂ ਦਾ ਜ਼ੋੜ ਅਤੇ ਬਕਾਇਆ ਦਾ ਹਿਸਾਬ ਸੁਪਰਡੰਟ,ਬਜਟ ਤੇ ਲੇਖਾ ਭਾਗ ਨੂੰ ਪੇਸ਼ ਕਰਨ ਅਤੇ ਮੰਤਰੀ ਦੇ ਸਟਾਫ ਤੋ ਪ੍ਰਤੀਨਿਧ ਨਾਲ ਮਿਲਾਨ ਕਰਨ ਉਪਰੰਤ ਹਰ ਮਹੀਨੇ ਦੀ 20 ਤਰੀਕ ਤੱਕ ਨਿਮਨ ਹਸਤਾਖਰ ਨੂੰ ਸਟੇਟਸ ਰਿਪੋਰਟ ਪੇਸ਼ ਕਰਨ।

ਵਧੀਕ ਡਾਇਰੈਕਟਰ-ਕਮ-ਕੰਟਰੋਲਰ
ਪੰਚਾਇਤੀ ਰਾਜ (ਵਿੱਤ)